**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**

ਐਸ.ਸੀ.ਓ. 104-106, ਦੂਸਰੀ ਅਤੇ ਤੀਸਰੀ ਮੰਜਿਲ, ਸੈਕਟਰ 34-ਏ, ਚੰਡੀਗੜ੍ਹ ਫੋਨ ਨੰ: 0172-5015864, 501586, 5015865

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ),
ਪੰਜਾਬ।

ਮੀਮੋ ਨੰ. ਡੀ.ਜੀ.ਐਸ.ਈ./ਆਰ.ਟੀ.ਈ./2012/ 82972
ਮਿਤੀ, ਚੰਡੀਗੜ੍ਹ / 01-08-2012

**ਵਿਸ਼ਾ: ਸਾਲ 2012-13 ਦੌਰਾਨ ਐਸ.ਐਮ.ਸੀ./ਪੀ.ਆਰ.ਆਈ./ਸਥਾਨਕ ਅਥਾਰਟੀ ਲਈ ਕਰਵਾਈਆਂ ਜਾਣ ਵਾਲੀਆਂ ਰੈਜ਼ੀਡੈਂਸ਼ੀਅਲ ਟੈਨਿੰਗਜ਼ ਅਤੇ ਨਾਨ ਰੈਜ਼ੀਡੈਂਸ਼ੀਅਲ ਟ੍ਰੇਨਿੰਗਜ਼ ਦੀਆਂ ਹਦਾਇਤਾ ਬਾਰੇ।**

ਉਪਰੋਕਤ ਵਿਸ਼ੇ ਵੱਲ ਉਚੇਚਾ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਆਪ ਨੂੰ ਪਤਾ ਹੀ ਹੈ ਕਿ ਸਾਲ 2012-13 ਲਈ ਐਸ.ਐਮ.ਸੀ./ਪੀ.ਆਰ.ਆਈ./ਸਥਾਨਕ ਅਥਾਰਟੀ ਲਈ ਰੈਜ਼ੀਡੈਂਸ਼ੀਅਲ ਟੈਨਿੰਗਜ਼ ਅਤੇ ਨਾਨ ਰੈਜ਼ੀਡੈਂਸ਼ੀਅਲ ਟ੍ਰੇਨਿੰਗਜ਼ ਕਰਵਾਈਆਂ ਜਾਣੀਆਂ ਹਨ। ਇਨ੍ਹਾਂ ਟ੍ਰੇਨਿੰਗਜ਼ ਦੀਆਂ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

**<u>ਰੈਜ਼ੀਡੈਂਸ਼ੀਅਲ ਟ੍ਰੇਨਿੰਗਜ਼:</u>**

1. ਰੈਜ਼ੀਡੈਂਸ਼ੀਅਲ ਟ੍ਰੇਨਿੰਗਾਂ ਬਲਾਕ ਪੱਧਰ ਤੇ ਹੀ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ।
2. ਸਮੂਹਿਕ ਰੂਪ ਵਿੱਚ ਡੀ.ਪੀ.ਸੀਜ਼, ਬੀ.ਆਰ.ਪੀਜ਼/ਡੀ.ਆਰ.ਪੀਜ਼, ਰਾਹੀਂ ਇਹ ਟ੍ਰੇਨਿੰਗਜ਼ ਕਰਵਾਈਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ Resource Person ਜਿਹੜੇ ਵਿਭਾਗ ਤੋਂ ਬਾਹਰੋ ਲਏ ਜਾਣਗੇ ਉਹਨਾਂ ਨੂੰ 200/- ਰੁ: ਪ੍ਰਤੀ ਦਿਨ ਮਾਣਭੱਤਾ ਉੱਕਾ ਪੁੱਕਾ ਦਿੱਤਾ ਜਾਵੇਗਾ।
3. ਰਿਹਾਇਸ਼ੀ ਟ੍ਰੇਨਿੰਗ ਲਈ @ 200/ਰੁ-ਪ੍ਰਤੀ ਮੈਂਬਰ ਮੰਜੂਰ ਕੀਤੇ ਗਏ ਹਨ।
4. ਟ੍ਰੇਨਿੰਗ ਦੌਰਾਨ ਜ਼ਿਲ੍ਹਾ ਪੱਧਰ ਤੇ ਟ੍ਰੇਨਿੰਗ ਦੀ ਵਿਸ਼ਾ-ਵਸਤੂ ਅਤੇ ਟ੍ਰੇਨਿੰਗ ਦੇਣ ਦੇ ਸਮੇਂ ਕੋਈ ਪੈਂਫਲੇਟ ਛਪਵਾ ਕੇ ਸਬੰਧਤ ਪਿੰਡਾਂ ਵਿੱਚ ਵੰਡੇ ਜਾਣ ਪੈਫ਼ਲੇਂਟ ਦਾ ਮੈਟਰ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਦੁਆਰਾ ਹੀ ਤਿਆਰ ਕੀਤਾ ਅਤੇ ਛਪਾਇਆ ਜਾਵੇਗਾ। ਸਾਲ 2012-13 ਦਾ ਐਸ.ਐਮ.ਸੀ./ਪੀ.ਆਰ.ਆਈ./ਸਥਾਨਕ ਅਥਾਰਟੀ ਲਈ ਕਰਵਾਈਆਂ ਜਾਣ ਵਾਲੀਆਂ ਰੈਜ਼ੀਡੈਂਸ਼ੀਅਲ ਟੈਨਿੰਗਜ਼ ਅਤੇ ਨਾਨ ਰੈਜ਼ੀਡੈਂਸ਼ੀਅਲ ਟ੍ਰੇਨਿੰਗਜ਼ ਸਬੰਧੀ ਮਡਿਊਲ ਮੁੱਖ ਦਫ਼ਤਰ ਵੱਲੋਂ ਆਪ ਨੂੰ ਭੇਜ ਦਿੱਤਾ ਜਾਵੇਗਾ।
5. ਇਨ੍ਹਾਂ ਟ੍ਰੇਨਿੰਗਾਂ ਵਿੱਚ ਐਸ.ਐਮ.ਸੀ./ਸਥਾਨਕ ਅਥਾਰਟੀ ਮੈਂਬਰਾਂ ਨੂੰ ਪੰਜਾਬ ਦੇ ਐਜੂਕੇਸ਼ਨ ਪ੍ਰੋਗਰਾਮ ਸਬੰਧੀ ਜਾਗਰੂਕ ਕੀਤਾ ਜਾਵੇ ਤੇ ਸਾਰੀਆਂ ਸਕੀਮਾਂ ਜਿਵੇਂ ਐਸ.ਐਸ.ਏ/ਆਰ.ਐਮ.ਐਸ.ਏ. ਆਦਿ ਅਤੇ ਆਰ.ਟੀ.ਈ ਐਕਟ,

2009 ਦੀ ਪੂਰਨ ਜਾਣਕਾਰੀ ਦਿੱਤੀ ਜਾਵੇ ਅਤੇ ਇਹ ਪ੍ਰੋਗਰਾਮ ਕਿਵੇਂ ਲਾਗੂ ਕੀਤੇ ਜਾ ਰਹੇ ਹਨ, ਉਨ੍ਹਾਂ ਬਾਰੇ ਦੱਸਿਆ ਜਾਵੇ।

6. ਇਨ੍ਹਾਂ ਟ੍ਰੇਨਿੰਗਾਂ ਵਿੱਚ "ਕਵਾਲਟੀ ਆਫ਼ ਐਜੂਕੇਸ਼ਨ" ਬਾਰੇ ਮੈਂਬਰਾਂ ਦਾ ਸਕੂਲ ਐਜੂਕੇਸ਼ਨ ਵਿੱਚ ਕੀ ਰੋਲ ਹੈ, ਉਸ ਬਾਰੇ ਪੂਰੀ ਤਰ੍ਹਾਂ ਜਾਗਰੂਕ ਕਰਨਾ ਹੋਵੇਗਾ।
7. ਬੱਚਿਆਂ ਵਲੋਂ ਐਸ.ਐਮ.ਸੀ./ਸਥਾਨਕ ਅਥਾਰਟੀ/ਪੀ.ਆਰ.ਆਈ ਟ੍ਰੇਨਿੰਗਜ਼ ਦੌਰਾਨ ਕਲਚਰਲ ਪ੍ਰੋਗਰਾਮ ਕਰਵਾਏ ਜਾਣ।
8. ਗਤੀਵਿਧੀਆਂ ਵਿੱਚੋਂ ਪਹਿਲੇ ਤਿੰਨ ਸਥਾਨਾਂ ਤੇ ਆਏ ਬੱਚਿਆਂ ਨੂੰ ਕੋਈ ਇਨਾਮ ਦੇ ਕਿ ਹੌਸਲਾ ਹਫ਼ਜਾਈ ਕੀਤੀ ਜਾਵੇ।
9. ਇਨ੍ਹਾਂ ਟ੍ਰੇਨਿੰਗਜ਼ ਦਾ ਮੁੱਖ ਉਦੇਸ਼ ਸਕੂਲ ਡਿਵੈਲਪਮੈਂਟ ਪਲਾਨ ਦਾ ਹੋਵੇਗਾ। ਜਿਸ ਦਾ ਪ੍ਰੋਫ਼ਾਰਮਾ ਆਪ ਨੂੰ ਭੇਜ ਦਿੱਤਾ ਜਾਵੇਗਾ।
10. ਟ੍ਰੇਨਿੰਗ ਲਈ ਪਿੰਡ/ਸ਼ਹਿਰ ਦੀ ਸਾਂਝੀ ਜਗ੍ਹਾ ਕਮਿਊਨਿਟੀ ਹਾਲ ਹੋਵੇਗਾ।
11. ਟ੍ਰੇਨਿੰਗ ਦਾ ਸਮਾਂ ਸਵੇਰੇ 10:00 ਵਜੇ ਤੋਂ ਸ਼ਾਮ 4:00 ਵਜੇ ਤੱਕ ਹੋਵੇਗਾ ਅਤੇ ਇਸ ਸਮੇਂ ਦੌਰਾਨ ਹੋਈ ਟ੍ਰੇਨਿੰਗ ਨੂੰ ਹੀ ਰਿਹਾਇਸ਼ੀ ਟ੍ਰੇਨਿੰਗ ਮੰਨਿਆ ਜਾਵੇਗਾ।
12. ਇਹ ਸਾਰਾ ਕੰਮ DEO (EE) ਦੀ ਦੇਖਰੇਖ ਵਿੱਚ ਹੋਵੇਗਾ ਅਤੇ ਇਨ੍ਹਾਂ ਟ੍ਰੇਨਿੰਗਜ਼ ਨੇਪਰੇ ਚਾੜਨਾ DEO (EE) ਦੀ ਨਿੱਜੀ ਜਿੰਮੇਂਵਾਰੀ ਹੋਵੇਗੀ।
13. ਟ੍ਰੇਨਿੰਗ ਦੇ ਖਰਚੇ ਦਾ ਹਿਸਾਬ ਬਲਾਕ ਪੱਧਰ ਤੇ BPEO ਵਲੋਂ ਰੱਖਿਆ ਜਾਵੇਗਾ।
14. ਟ੍ਰੇਨਿੰਗਾਂ ਸਬੰਧੀ ਸਮੂਹ ਜ਼ਿਲ੍ਹਿਆਂ ਦੇ ਮਾਣਯੋਗ ਡੀ.ਸੀ ਸਾਹਿਬਾਂਨ ਨੂੰ ਵੀ ਪੱਤਰ ਲਿਖਿਆ ਜਾਵੇਗਾ ਕਿ ਇਹ ਟ੍ਰੇਨਿੰਗਾਂ ਕਦੋਂ ਲਗਾਈਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਟ੍ਰੇਨਿੰਗਾਂ ਵਿੱਚ ਮੈਂਬਰਾਂ ਦਾ ਸ਼ਾਮਲ ਹੋਣਾ ਜ਼ਰੂਰੀ ਹੈ ਤਾਂ ਜੋ ਡੀ.ਸੀ ਆਪਣੇ ਪੱਧਰ ਤੇ ਐਸ.ਐਮ.ਸੀ./ਸਥਾਨਕ ਅਥਾਰਟੀ/ਪੀ.ਆਰ.ਆਈ ਦੇ ਮੈਂਬਰਾਂ ਨੂੰ ਇਨ੍ਹਾਂ ਟ੍ਰੇਨਿੰਗਾਂ ਵਿੱਚ ਸ਼ਾਮਲ ਕਰਵਾਉਣ ਲਈ ਉਚਿਤ ਕਾਰਵਾਈ ਕਰ ਸਕਣ।
15. ਰੈਜ਼ੀਡੈਂਸ਼ੀਅਲ ਟ੍ਰੇਨਿੰਗਾਂ ਦਾ ਸਮਾਂ ਅਗਸਤ, ਸਤਬੰਰ ਅਤੇ ਅਕਤੂਬਰ 2012 ਨਿਰਧਾਰਤ ਕੀਤਾ ਗਿਆ ਹੈ। ਇਸ ਸਮੇਂ ਦੌਰਾਨ ਕਰਵਾਈਆਂ ਜਾਣ ਵਾਲੀਆਂ ਟ੍ਰੇਨਿੰਗਜ਼ ਦਾ ਟੈਂਟੇਟਿਵ ਸ਼ਡਿਊਲ ਹੇਠ ਲਿਖ ਅਨੁਸਾਰ ਹੈ:-

| ਦਿਨ | ਮਹੀਨਾ | ਟੋਪਿਕ | | ਟੋਪਿਕ | ਐਕਟੀਵਿਟੀ | | Addl.activities |
|---|---|---|---|---|---|---|---|
| 1 | ਅਗਸਤ ਰਜਿਸਟਰੇਸ਼ਨ | ਆਰ.ਟੀ.ਈ ਐਕਟ, 2009(ਸਮਾਂ-ਡੇਢ ਘੰਟਾ) | ਚਾਹ ਬ੍ਰੇਕ | Gender & social equality;RTE, school development plan (ਸਮਾਂ-ਡੇਢ ਘੰਟਾ) | ਤਰਕਸ਼ੀਲਾਂ ਦਾ ਸ਼ੋਅ | ਲੰਚ ਬ੍ਰੇਕ | Screeningof documentraies &films with social themes,nataks &plays |

| | | | | | | | |
|---|---|---|---|---|---|---|---|
| 2 | ਸਤੰਬਰ- ਕੋਈ ਨਾਟਕ | ਕੋਈ success story. | | Programmes for education,welfare schemes & entitlements of children at elementary level. | ਬੱਚਿਆਂ ਦਾ ਕਾਰਜਕ੍ਰਮ | | ਸਕੂਲੀ ਬੱਚਿਆਂ ਦਾ ਪ੍ਰੋਗਰਾਮ |
| 3 | ਅਕਤੂਬਰ- ਟੋਪਿਕ/ਵਿਸ਼ਾ ਵਸਤੂ | ਸ.ਸ.ਅ/ਆਰ.ਟੀ.ਈ. ਐਕਟ ਦੀਆਂ ਪ੍ਰਾਪਤੀਆਂ | | children with special needs & inclusive education | Community Score Card | | |

16 ਟ੍ਰੇਨਿੰਗਾਂ ਦੀ ਮੋਨੀਟਰਿੰਗ **ਰਾਜ ਪੱਧਰ ਤੇ ਐਸ.ਐਸ.ਏ ਦੇ ਮੁੱਖ ਦਫ਼ਤਰ ਵਲੋਂ ਗਠਿਤ ਟੀਮਾਂ ਵਲੋਂ ਕੀਤੀ ਜਾਵੇਗੀ।**

17 ਟ੍ਰੇਨਿੰਗਾਂ ਦੀ ਮਿਤੀ ਸਮੂਹ ਜ਼ਿਲ੍ਹਿਆ ਵੱਲੋਂ ਨਿਰਧਾਰਤ ਕਰਕੇ ਮੁੱਖ ਦਫ਼ਤਰ, ਸਰਵ ਸਿੱਖਿਆ ਅਭਿਆਨ ਪੰਜਾਬ ਚੰਡੀਗੜ੍ਹ ਨੂੰ ਤੁਰੰਤ ਸੁਚਿਤ ਕਰਨ ਦੀ ਖੇਚਲ ਕੀਤੀ ਜਾਵੇ।

**ਨਾਨ ਰੈਜ਼ੀਡੈਂਸ਼ੀਅਲ ਟ੍ਰੇਨਿੰਗਜ਼:**

1. ਨਾਨ ਰੈਜ਼ੀਡੈਂਸ਼ੀਅਲ ਟ੍ਰੇਨਿੰਗ ਜੋ ਕਿ ਕੇਵਲ ਐਮ.ਐਮ.ਸੀ.ਮੈਂਬਰਾਂ ਨੂੰ ਹੀ ਕਰਵਾਈ ਜਾਣੀ ਹੈ, ਸਕੂਲ ਪੱਧਰ ਤੇ ਸਕੂਲ ਦੇ ਸਮੇਂ ਦੌਰਾਨ ਹੀ ਕਰਵਾਈ ਜਾਵੇਗੀ। ਇਹ ਮਹੀਨਾਵਾਰ ਮੀਟਿੰਗਾਂ ਦੇ ਰੂਪ ਵਿੱਚ ਹੋਵੇਗੀ।

2. ਗੈਰ ਰਿਹਾਇਸ਼ੀ ਟ੍ਰਨਿੰਗ ਲਈ 100/-ਰੁ ਪ੍ਰਤੀ ਮੈਂਬਰ ਮੰਜੂਰ ਕੀਤੇ ਗਏ ਹਨ।

3. ਨਾਨ ਰੈਜ਼ੀਡੈਂਸ਼ੀਅਲ ਟ੍ਰੇਨਿੰਗਜ਼ ਦਾ ਸਮਾਂ ਅਕਤੂਬਰ,ਨੰਵਬਰ,ਅਤੇ ਦਿੰਸਬਰ ਨਿਰਧਾਰਿਤ ਕੀਤਾ ਗਿਆ ਹੈ। ਇਸ ਸਮੇਂ ਦੌਰਾਨ ਕਰਵਾਈਆਂ ਜਾਣ ਵਾਲੀਆਂ ਨਾਨ ਰੈਜ਼ੀਡੈਂਸ਼ੀਅਲ ਟ੍ਰੇਨਿੰਗਾਂ ਦਾ Tentative Schedule ਹਰ ਜ਼ਿਲ੍ਹੇ ਵਲੋਂ ਆਪਣੀ ਸੁਵਿਧਾ ਅਨੁਸਾਰ ਬਣਾਇਆ ਜਾ ਸਕਦਾ ਹੈ ਜੋ ਕਿ ਰਾਜ ਪੱਧਰ ਤੇ ਮੰਗਵਾ ਲਿਆ ਜਾਵੇਗਾ।
4. ਇਨ੍ਹਾਂ ਮੀਟਿੰਗਾਂ ਦੌਰਾਨ ਐਸ.ਐਮ.ਸੀ. ਦੇ 8 ਮੈਂਬਰ ਅਤੇ ਕਮਿਊਨਟੀ ਦੇ ਹੋਰ ਪੱਤਵੰਤੇਂ ਸੱਜਣ ਵੀ ਬੁਲਾਏ ਜਾਣ।

5. ਇਹਨਾਂ ਮੀਟਿੰਗਾਂ ਦਾ ਏਜੰਡਾ ਪੂਰੇ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ ਪੜ੍ਹਨਾ ਹੋਵੇਗਾ ਅਤੇ ਰਹਿ ਗਏ ਟੀਚਿਆਂ ਬਾਰੇ ਵਿਚਾਰ ਕਰਨਾ ਅਤੇ ਸਿੱਖਿਆ ਵਿੱਚ ਗੁਣਾਤਮਕਤਾਂ ਲਿਆਉਣ ਲਈ ਸੋਚਣਾਂ ਹੋਵੇਗਾ।

6. ਅਗਲੇ ਮਹੀਨੇ ਦੌਰਾਨ ਕੀਤੀਆਂ ਜਾਣ ਵਾਲੀਆਂ ਸਕੂਲ ਪੱਧਰੀ ਗਤੀਵਿਧੀਆਂ ਦੀ ਰੂਪ ਰੇਖਾ ਉਲੀਕਣਾ, ਗੁਣਾਤਮਕ ਸਿੱਖਿਆ ਬਾਰੇ ਵਿਚਾਰ ਕਰਨਾ ਅਤੇ RTE ACT, 2009 ਦੇ ਸੰਦਰਭ ਵਿੱਚ ਵਿਚਾਰ ਆਦਿ ਕਰਨਾ ਹੋਵੇਗਾ।

7. ਇਹਨਾਂ ਮਹੀਨਾਵਾਰ ਮੀਟਿੰਗਾਂ ਦੌਰਾਨ ਸਕੂਲ ਪੱਧਰ ਤੇ ਬੱਚਿਆਂ ਦੀਆਂ Co-scholastic ਗਤੀਵਿਧੀਆਂ ਕਰਵਾਈਆਂ ਜਾਣ। **ਜਿਵੇਂ ਸੁਲੇਖ ਮੁਕਾਬਲਾ, ਡਰਾਇੰਗ ਮੁਕਾਬਲਾ, ਖੇਡਾਂ ਅਤੇ ਵਿਅਕਤੀਗਤ ਸਫਾਈ ਮੁਕਾਬਲਾ ਆਦਿ।**

8. ਗਤੀਵਿਧੀਆਂ ਵਿੱਚੋਂ ਪਹਿਲੇ ਤਿੰਨ ਸਥਾਨਾਂ ਤੇ ਰਹਿਣ ਵਾਲੇ ਬੱਚਿਆਂ ਨੂੰ ਕੋਈ ਇਨਾਮ ਦੇ ਕੇ ਉਹਨਾਂ ਦੀ ਹੌਂਸਲਾ ਅਫ਼ਜਾਈ ਕੀਤੀ ਜਾਵੇ। ਇਸ ਬਾਰੇ ਖਰਚਾ ਕਮਿਊਨਟੀ ਟ੍ਰੇਨਿੰਗ ਫੰਡ ਵਿੱਚੋਂ ਕੀਤਾ ਜਾਵੇ।

9. ਹਾਜ਼ਰ ਮੈਂਬਰਾਂ ਨੂੰ ਸਨੈਕਸ ਵਗੈਰਾ ਨਾਲ ਚਾਹ-ਪਾਣੀ **ਪਿਲਾਇਆ ਜਾਵੇ।**

10. ਜਿਸ ਮਹੀਨੇ ਬੱਚਿਆਂ ਦੀ ਕੋਈ ਐਕਟੀਵਿਟੀ ਨਾ ਕਰਵਾਉਣੀ ਹੋਵੇ, ਉਸ ਮਹੀਨੇ ਭਾਈਚਾਰੇ ਵਿੱਚੋਂ ਕਿਸੇ ਪ੍ਰੋਫ਼ੈਸ਼ਨਲ ਨੂੰ ਬੁਲਾ ਕੇ ਉਸਦਾ ਲੈਕਚਰ ਕਰਵਾਉਣਾ ਤੇ ਉਸਨੂੰ ਮਾਣਭੱਤਾ 200/- ਰੁ: ਉਕਾ ਪੁਕਾ ਦਿੱਤਾ ਜਾਵੇ।

11. ਐਸ.ਐਮ.ਸੀਜ਼ ਨੇ ਵੀ ਆਪਣੀਆਂ ਮਹੀਨਾਵਾਰ ਗਤੀਵਿਧੀਆਂ, ਜੋ ਕਿ ਉਹ ਆਪਣੇ-ਆਪਣੇ ਜ਼ਿਲ੍ਹਿਆਂ ਵਿੱਚ ਕਰਵਾਉਣੀਆਂ ਚਾਹੁੰਦੇ ਹਨ, ਸਮਾਂ ਸਾਰਣੀ ਬਣਾ ਸਕਦੇ ਹਨ।

12. ਇਨ੍ਹਾਂ ਟ੍ਰੇਨਿੰਗਜ਼ ਨੂੰ ਨੇਪਰੇ ਚਾੜ੍ਹਨਾ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐ.ਸਿੱ.) ਦੀ ਨਿੱਜੀ ਜਿੰਮੇਵਾਰੀ ਹੋਵੇਗੀ।

13. ਭੌਤਿਕ ਅਤੇ ਵਿੱਤੀ ਪ੍ਰਾਪਤੀ ਦਾ ਪ੍ਰੋਫ਼ਾਰਮਾ ਜੋ ਕਿ ਹੈਡ ਆਫ਼ਿਸ ਨੂੰ ਹਰ ਮਹੀਨੇ ਦੀ 30 ਤਾਰੀਖ ਤੱਕ ਈ-ਮੇਲ (**rtepunjab@gmail.com**) ਰਾਹੀਂ ਭੇਜਣਾ ਹੈ, ਉਹ ਇਸ ਪ੍ਰਕਾਰ ਹੈ:

| ਜ਼ਿਲ੍ਹੇ ਦਾ ਨਾਂ | ਮਿੱਥੇ ਗਏ ਟੀਚੇ ਭੌਤਿਕ/ਵਿੱਤੀ | ਪ੍ਰਾਪਤ ਟੀਚੇ ਭੌਤਿਕ/ਵਿੱਤੀ | ਅਣਵਰਤੀ ਰਾਸ਼ੀ ਜੇ ਕੋਈ ਹੋਵੇ | ਟੀਚੇ ਪੂਰੇ ਨਾ ਕਰਨ ਦੇ ਕਾਰਨ | ਵਿਸ਼ੇਸ਼ ਕਥਨ |
|---|---|---|---|---|---|
| | | | | | |

14. ਸਾਲ 2012-13 ਲਈ ਭੌਤਿਕ ਅਤੇ ਵਿੱਤੀ ਟਾਰਗੈੱਟ ਜ਼ਿਲ੍ਹੇ ਵਾਰ ਅਤੇ ਜ਼ਿਲ੍ਹੇ ਨੂੰ ਇਸ ਮੰਤਵ ਲਈ ਐਲੋਕੇਟ ਕੀਤੀ ਰਕਮ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

**Physical & Financial Proposal for 3 days' Residential & Non-Residential Training for the year 2012-13:**

| Sr. No. | District | No. of Schools | Financial Proposal for 3 days' Residential Training | | | | | | Financial Proposal for 3 days' Non-Residential Training | | | Grand Total for Financial Proposal (in lacs) | Amount Disbursed to the Disttricts as per their requirement of first phase |
|---|---|---|---|---|---|---|---|---|---|---|---|---|---|
| | | | No. of SMCs | Members of SMCs @8 to be ptrained | Proposed Cost for 3days' SMCs Training @ Rs.200/- per day per member (in lacs) | No. of Gram Panchayat / Urban bodies | Members of Gram Panchayat / Urban bodies @4 to be trained | Gram Panchayat / Urban bodies Training @ Rs.200/- per day per member (in lacs) | No. of SMCs | 08 Members of SMCs | Proposed Cost for 3 days @ Rs.100/- per day per member (in lacs) | | |
| 1 | Amritsar | 1370 | 1346 | 10768 | 64.608 | 909 | 3636 | 21.816 | 1346 | 10768 | 32.304 | 118.728 | 29.682 |
| 2 | Barnala | 306 | 306 | 2448 | 14.688 | 146 | 584 | 3.504 | 306 | 2448 | 7.344 | 25.536 | 6.384 |
| 3 | Bathinda | 687 | 674 | 5392 | 32.352 | 323 | 1292 | 7.752 | 674 | 5392 | 16.176 | 56.28 | 14.07 |
| 4 | Faridkot | 423 | 415 | 3320 | 19.92 | 184 | 736 | 4.416 | 415 | 3320 | 9.96 | 34.296 | 8.574 |
| 5 | F.G.Sahib | 693 | 693 | 5544 | 33.264 | 431 | 1724 | 10.344 | 693 | 5544 | 16.632 | 60.24 | 15.06 |
| 6 | Fazilka | 709 | 709 | 5672 | 34.032 | 538 | 2152 | 12.912 | 709 | 5672 | 17.016 | 63.96 | 15.99 |
| 7 | Ferozepur | 892 | 892 | 7136 | 42.816 | 879 | 3516 | 21.096 | 892 | 7136 | 21.408 | 85.32 | 21.33 |
| 8 | Gurdaspur | 1621 | 1621 | 12968 | 77.808 | 1242 | 4968 | 29.808 | 1621 | 12968 | 38.904 | 146.52 | 36.63 |
| 9 | Hoshiarpur | 1841 | 1841 | 14728 | 88.368 | 1362 | 5448 | 32.688 | 1841 | 14728 | 44.184 | 165.24 | 41.31 |
| 10 | Jalandhar | 1507 | 1501 | 12008 | 72.048 | 899 | 3596 | 21.576 | 1501 | 12008 | 36.024 | 129.648 | 32.412 |
| 11 | Kapurthala | 855 | 842 | 6736 | 40.416 | 555 | 2220 | 13.32 | 842 | 6736 | 20.208 | 73.944 | 18.486 |
| 12 | Ludhiana | 1627 | 1593 | 12744 | 76.464 | 1145 | 4580 | 27.48 | 1593 | 12744 | 38.232 | 142.176 | 35.544 |
| 13 | Mansa | 516 | 516 | 4128 | 24.768 | 249 | 996 | 5.976 | 516 | 4128 | 12.384 | 43.128 | 10.782 |
| 14 | Moga | 629 | 629 | 5032 | 30.192 | 351 | 1404 | 8.424 | 629 | 5032 | 15.096 | 53.712 | 13.428 |
| 15 | Mohali | 694 | 686 | 5488 | 32.928 | 441 | 1764 | 10.584 | 686 | 5488 | 16.464 | 59.976 | 14.994 |
| 16 | Muktsar | 553 | 555 | 4440 | 26.64 | 319 | 1276 | 7.656 | 555 | 4440 | 13.32 | 47.616 | 11.904 |
| 17 | Nawanshahar | 683 | 680 | 5440 | 32.64 | 443 | 1772 | 10.632 | 680 | 5440 | 16.32 | 59.592 | 14.898 |
| 18 | Pathankot | 552 | 552 | 4416 | 26.496 | 408 | 1632 | 9.792 | 552 | 4416 | 13.248 | 49.536 | 12.384 |
| 19 | Patiala | 1402 | 1372 | 10976 | 65.856 | 935 | 3740 | 22.44 | 1372 | 10976 | 32.928 | 121.224 | 30.306 |
| 20 | Ropar | 883 | 883 | 7064 | 42.384 | 653 | 2612 | 15.672 | 883 | 7064 | 21.192 | 79.248 | 19.812 |
| 21 | Sangrur | 1064 | 1064 | 8512 | 51.072 | 768 | 3072 | 18.432 | 1064 | 8512 | 25.536 | 95.04 | 23.76 |
| 22 | Tarn-Taran | 813 | 813 | 6504 | 39.024 | 549 | 2196 | 13.176 | 813 | 6504 | 19.512 | 71.712 | 17.928 |
| Total | | 20320 | 20183 | 161464 | 968.784 | 13729 | 54916 | 329.496 | 20183 | 161464 | 484.392 | 1782.672 | 445.668 |

15. ਜਿਹੜੇ ਜ਼ਿਲ੍ਹਿਆ ਵਿੱਚ ਐਸ.ਐਮ.ਸੀ./ਸਥਾਨਕ ਅਥਾਰਟੀ ਦੀਆਂ ਮੀਟਿੰਗਾ ਕਰਵਾਈਆ ਜਾਣਗੀਆਂ। ਉਹਨਾਂ ਦੀਆਂ ਭੋਤਿਕ ਅਤੇ ਵਿਤੀ ਪ੍ਰਾਪਤੀ ਸਬੰਧੀ ਰਿਪੋਰਟ ਤੁਰੰਤ ਭੇਜੀਆ ਜਾਣ।

16. ਇਸ ਦਫ਼ਤਰ ਵੱਲੋਂ ਇਹ ਆਸ ਕੀਤੀ ਜਾਂਦੀ ਹੈ ਕਿ ਆਪ ਵੱਲੋਂ ਉਪਰੋਕਤ ਹਦਾਇਤਾ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇਗੀ ਅਤੇ ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਵੱਲੋਂ ਉਕਤ ਟ੍ਰੇਨਿੰਗਜ਼ ਵਿੱਚ ਨਿੱਜੀ ਸ਼ਮੂਲੀਅਤ ਅਤੇ ਧਿਆਨ ਦਿੱਤੇ ਜਾਣ ਦੀ ਖੇਚਲ ਕੀਤੀ ਜਾਵੇ ਤਾਂ ਜੋ ਇਨ੍ਹਾਂ ਟ੍ਰੇਨਿੰਗਜ਼ ਦਾ ਮੁੱਖ ਉਦੇਸ਼ ਪੂਰਾ ਹੋ ਸਕੇ।

**ਸੱਕਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ ਚੰਡੀਗੜ੍ਹ।** ਅ.ਦ

ਪਿੱਠ ਅੰਕਣ ਨੰ:. ਡੀ.ਜੀ.ਐਸ.ਈ./ਆਰ.ਟੀ.ਈ./2012/ 82973 ਮਿਤੀ, ਚੰਡੀਗੜ੍ਹ / 01-08-2012

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਨੋਟਿਸ ਬੋਰਡ, ਵੈੱਬ ਸਾਈਟ ਅਤੇ ਡਾਕ ਰਾਹੀਂ ਭੇਜਿਆ ਜਾਂਦਾ ਹੈ।

1. ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰਜ਼.
2. ਕਮਿਉਨਿਟੀ ਮੋਬਲਾਈਜੇਸ਼ਨ ਕੋਆਰਡੀਨੇਟਰਜ਼
3. ਏ.ਆਈ.ਈ ਕੋਆਰਡੀਨੇਟਰਜ਼
4. ਏ.ਐੱਸ.ਪੀ.ਡੀ. (ਮੀਡੀਆ)
5. ਡੀ.ਐਮ. (ਐਮ.ਆਈ.ਐਸ.) ਵੈੱਬ ਸਾਈਟ ਤੇ ਪਾਉਣ ਹਿਤ।

**ਸੱਕਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ ਚੰਡੀਗੜ੍ਹ।** ਅ.ਦ